# ਨਿਊ ਯਾਰਕ ਸ਼ਹਿਰ ਲਈ ਤੁਹਾਨੂੰ ਗਿਣਤੀ ਵਿਚ ਲੈਣ ਦੀ ਲੋੜ ਹੈ!

## ਮਰਦਮਸ਼ੁਮਾਰੀ ਕੀ ਹੈ?

ਮਰਦਮਸ਼ੁਮਾਰੀ ਵਿਚ ਸੰਯੁਕਤ ਰਾਜ 'ਚ ਰਹਿ ਰਹੇ ਹਰ ਵਿਅਕਤੀ ਦੀ ਗਿਣਤੀ ਹੋਣੀ ਹੈ।

ਇਹ ਹਰੇਕ ਦਸ ਸਾਲਾਂ ਵਿੱਚ ਸਿਰਫ਼ ਇਕ ਵਾਰ ਹੁੰਦੀ ਹੈ।

## ਮਰਦਮਸ਼ੁਮਾਰੀ ਨਿਰਧਾਰਨ ਕਰਦੀ ਹੈ:

- ਜਨਤਕ ਸਿੱਖਿਆ, ਸਿਹਤ ਸੰਭਾਲ, ਸਸਤੇ ਘਰ, ਬੁਨਿਆਦੀ-ਢਾਂਚੇ, ਸੰਘੀ ਕੋਸ਼ ਵਿੱਚ ਕਈ ਕਰੋੜਾਂ ਰੁਪਏ ਅਤੇ ਹੋਰ ਚੀਜ਼ਾਂ ਦੇ ਪ੍ਰਬੰਧ ਲਈ।
- ਕਾਂਗਰਸ ਵਿੱਚ ਨਿਊ ਯਾਰਕ ਦੀਆਂ ਸੀਟਾਂ।
- ਅਸੀਂ ਸਟੀਕ ਡਾਟਾ ਦੇ ਆਧਾਰ ਉੱਤੇ ਸਥਾਨਕ ਨੀਤੀ, ਆਪਾਤਕਾਲ ਸੇਵਾਵਾਂ, ਆਵਾਜਾਈ, ਸਿਹਤ ਸੰਭਾਲ, ਅਤੇ ਹੋਰ ਚੀਜ਼ਾਂ ਬਾਰੇ ਮਹੱਤਵਪੂਰਨ ਫੈਸਲੇ ਕਿਵੇਂ ਲੈਂਦੇ ਹਾਂ।

## ਮਰਦਮਸ਼ੁਮਾਰੀ ਸਾਡੇ ਕਰੋੜਾਂ ਰੁਪਇਆਂ ਦੇ ਜਾਇਜ਼ ਹਿੱਸੇ ਨੂੰ ਹੇਠ ਲਿਖੇ ਲਈ ਪ੍ਰਭਾਵਿਤ ਕਰਦਾ ਹੈ:

- ਬੱਚਿਆਂ ਦਾ ਸਿਹਤ ਬੀਮਾ ਪ੍ਰੋਗਰਾਮ (Children's Health Insurance Program, CHIP), ਸਿੱਖਿਆ, ਅਧਿਆਪਕ, ਸਪਲਾਈਆਂ, ਅਤੇ ਸਕੂਲ ਤੋਂ ਬਾਅਦ ਵਾਲੇ ਪ੍ਰੋਗਰਾਮ, ਜਿਹਨਾਂ ਵਿੱਚ ਖਾਸ ਜ਼ਰੂਰਤਾਂ ਵਾਲੇ ਅਤੇ ਘੱਟ-ਆਮਦਨੀ ਵਾਲੇ ਘਰਾਂ ਵਿੱਚਲੇ ਬੱਚੇ ਸ਼ਾਮਲ ਹਨ।
- ਬਾਲਗ ਸਿੱਖਿਆ, ਨੌਕਰੀ ਸਿਖਲਾਈ ਪ੍ਰੋਗਰਾਮ, ਜਿਸ ਵਿੱਚ ਤਜਰਬੇਕਾਰ, ਵਿਦੇਸ਼ ਵਿੱਚ ਜੰਮੇ, ਅਪੰਗ, ਅਤੇ ਦੋਸ਼ੀ ਠਹਿਰਾਇਆ ਨਿਊ ਯਾਰਕ ਵਾਸੀ ਸ਼ਾਮਲ ਹਨ।
- ਭੋਜਨਾਂ ਸਮੇਤ, ਸੀਨੀਅਰ ਸੈਂਟਰ ਦੇ ਅੱਪਗ੍ਰੇਡ ਅਤੇ ਪ੍ਰੋਗਰਾਮਿੰਗ।
- ਸਸਤੇ ਆਵਾਸ ਲਈ ਸਹਾਇਤਾ (ਸੈਕਸ਼ਨ 8), ਰੱਖ-ਰਖਾਅ, ਮੁਰੰਮਤਾਂ, ਅਤੇ ਸੁਧਾਰ।

## ਇਹੋ ਕਾਰਨ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਹਰੇਕ ਨਿਊ ਯਾਰਕ ਵਾਸੀ ਗਿਣਤੀ ਵਿਚ ਆ ਜਾਵੇ।

ਜਦੋਂ ਤੁਸੀਂ ਮਰਦਮਸ਼ੁਮਾਰੀ ਪ੍ਰਤੀ ਰੁਚੀ ਦਿਖਾਉਂਦੇ ਹੋ, ਤੁਸੀਂ ਸਾਡੇ ਭਾਈਚਾਰਿਆਂ ਦੇ ਭਵਿੱਖ ਨੂੰ ਸਵਾਰ ਰਹੇ ਹੁੰਦੇ ਹੋ।

2010 ਵਿੱਚ, ਸਿਰਫ਼ 62% ਨਿਊ ਯਾਰਕ ਵਾਸੀਆਂ ਨੇ ਮਰਦਮਸ਼ੁਮਾਰੀ ਪ੍ਰਤੀ ਆਪ ਪ੍ਰਤੀਕਿਰਿਆ ਦਿਖਾਈ, ਜੋ ਰਾਸ਼ਟਰੀ ਔਸਤ 76% ਤੋਂ ਘੱਟ ਹੈ।

**ਜੇ ਜ਼ਿਆਦਾ ਨਿਊ ਯਾਰਕ ਵਾਸੀ 2020 ਵਿੱਚ ਪ੍ਰਤੀਕਿਰਿਆ ਦਿਖਾਉਂਦੇ ਹਨ, ਤਾਂ ਸਾਨੂੰ ਆਪਣੇ ਸਕੂਲਾਂ ਲਈ, ਸਿਹਤ ਸੰਭਾਲ ਲਈ, ਅਤੇ ਹਰ ਰੋਜ਼ ਜਿਹੜੇ ਪ੍ਰੋਗਰਾਮਾਂ ਅਤੇ ਸੇਵਾਵਾਂ ਉੱਤੇ ਅਸੀਂ ਨਿਰਭਰ ਹਾਂ, ਉਹਨਾਂ ਲਈ ਵੱਧ ਪੈਸਾ ਮਿਲੇਗਾ।**

NYC Bill de Blasio Mayor | CENSUS 2020 Julie Menin Director

# ਮਰਦਮਸ਼ੁਮਾਰੀ ਵਿਚ ਕੀ ਪੁੱਛਿਆ ਜਾਂਦਾ ਹੈ ?

- ਤੁਹਾਡੇ ਘਰ ਵਿੱਚ ਕਿੰਨੇ ਵਿਅਕਤੀ ਰਹਿ ਰਹੇ ਹਨ ਜਾਂ ਠਹਿਰ ਰਹੇ ਹਨ।
- ਉਹਨਾਂ ਦਾ ਲਿੰਗ, ਉਮਰ, ਜਾਤ, ਅਤੇ ਨਸਲੀ ਗੁਣ।
- ਕੀ ਤੁਹਾਡਾ ਘਰ ਆਪਣਾ ਹੈ ਜਾਂ ਕਿਰਾਏ ਦਾ।
- ਤੁਹਾਡੇ ਘਰ ਦਾ ਪਤਾ

**ਮਰਦਮਸ਼ੁਮਾਰੀ 2020 ਲਈ ਤੁਹਾਡੀ ਹੇਠ ਲਿਖੀ ਜਾਣਕਾਰੀ ਨਹੀਂ ਮੰਗੀ ਜਾਂਦੀ:**

- ਆਵਾਸ ਜਾਂ ਨਾਗਰਿਕਤਾ ਸਥਿਤੀ
- ਆਮਦਨੀ
- ਸਮਾਜਕ ਸੁਰੱਖਿਆ ਨੰਬਰ (Social Security Number)

## ਤੁਹਾਡੀ ਜਾਣਕਾਰੀ ਸੁਰੱਖਿਅਤ ਹੈ!

- ਸਾਰੇ ਜਵਾਬ ਗੁਪਤ, ਕਾਨੂੰਨ ਦੁਆਰਾ ਰੱਖਿਅਤ ਹਨ, ਅਤੇ ਕਿਸੇ ਵੀ ਤਰ੍ਹਾਂ ਤੁਹਾਡੇ ਖਿਲਾਫ਼ ਵਰਤੇ ਨਹੀਂ ਜਾ ਸਕਦੇ।
- ਕਾਨੂੰਨੀ ਤੌਰ ਤੇ, ਜਨ ਗਣਨਾ ਬਿਊਰੋ (Census Bureau) ਕਾਨੂੰਨ ਅਨੁਪਾਲਣ ਸਮੇਤ, ਹੋਰ ਸਰਕਾਰੀ ਏਜੰਸੀਆਂ ਦੇ ਨਾਲ ਕੋਈ ਨਿੱਜੀ ਜਾਣਕਾਰੀ ਸਾਂਝੀ ਨਹੀਂ ਕਰ ਸਕਦੀ।

**ਇਸ ਕਾਨੂੰਨ ਨੂੰ ਤੋੜਣ ਲਈ ਜੁਰਮਾਨਿਆਂ ਵਿੱਚ ਪੰਜ ਸਾਲਾਂ ਤੱਕ ਦੀ ਜੇਲ ਅਤੇ $250,000 ਜੁਰਮਾਨਾ ਸ਼ਾਮਲ ਹੈ।**

## ਨਿਊ ਯਾਰਕ ਸ਼ਹਿਰ ਸੈਂਸਸ ਲਈ ਕਿਵੇਂ ਤਿਆਰੀ ਕਰ ਰਿਹਾ ਹੈ?

2019 ਵਿੱਚ, ਡੀ ਬਲਾਸਿਓ (de Blasio) ਐਡਮਿਨਿਸਟ੍ਰੇਸ਼ਨ ਨੇ 2020 ਸੈਂਸਸ ਵਿੱਚ ਸਾਰੇ ਨਿਊ ਯਾਰਕ ਵਾਸੀਆਂ ਦੀ ਸੰਪੂਰਣ ਅਤੇ ਸਟੀਕ ਗਿਣਤੀ ਯਕੀਨੀ ਬਣਾਉਣ ਲਈ ਇੱਕ ਨਵੇਕਲੀ ਸੈਂਸਸ ਆਯੋਜਿਤ ਕਰਨ ਵਾਲੀ ਪਹਿਲ-ਕਦਮੀ, ਨਿਊ ਯਾਰਕ ਸ਼ਹਿਰ ਸੈਂਸਸ 2020, ਲਾਂਚ ਕੀਤੀ। ਇਸ ਪ੍ਰੋਗਰਾਮ ਦੀਆਂ ਵਿਸ਼ੇਸ਼ਤਾਵਾਂ ਹਨ:

➡ ਡੀ ਬਲਾਸਿਓ ਐਡਮਿਨਿਸਟ੍ਰੇਸ਼ਨ ਅਤੇ ਸਿਟੀ ਕਾਉਂਸਿਲ ਫੰਡਿੰਗ ਦੁਆਰਾ ਸਮਰਥਿਤ, ਸੰਪੂਰਣ ਗਿਣਤੀ ਲਈ ਨਿਊ ਯਾਰਕ ਸਿਟੀ ਫੰਡ ਨੇ ਨਿਊ ਯਾਰਕ ਵਾਸੀਆਂ ਦੇ ਜਾਣਕਾਰ ਅਤੇ ਵਿਸ਼ਵਾਸੀ ਭਾਈਚਾਰਾ-ਆਧਾਰਿਤ ਸੰਗਠਨਾਂ ਦੁਆਰਾ ਸੈਂਸਸ ਸਿੱਖਿਆ ਅਤੇ ਗਤੀਸ਼ੀਲਤਾ ਵਿੱਚ $19 ਮਿਲਿਅਨ ਨਿਵੇਸ਼ ਕੀਤੇ।

➡ ਏਜੰਸੀ ਭਾਈਵਾਲੀ ਜੋ ਸ਼ਹਿਰ ਦੇ 350,000 ਤਾਕਤਵਰ ਕਰਮਚਾਰੀ-ਦਲ ਅਤੇ ਪੁਸਤਕਾਲਿਆਂ, ਹਸਪਤਾਲਾਂ, ਅਤੇ ਧਾਰਮਿਕ, ਸੱਭਿਆਚਾਰਕ, ਅਤੇ ਉਚੇਰੀਆਂ ਵਿੱਦਿਅਕ ਸੰਸਥਾਵਾਂ ਸਮੇਤ ਸ਼ਹਿਰ ਦੀਆਂ ਵੱਡੀਆਂ ਸੰਸਥਾਵਾਂ ਦੀ ਤਾਕਤ ਨੂੰ ਵਰਤੇਗੀ।

➡ ਹਰੇਕ ਨਿਊ ਯਾਰਕ ਵਾਸੀ ਤੱਕ ਪਹੁੰਚਣ ਲਈ ਸ਼ਹਿਰ-ਦੁਆਰਾ ਚਲਾਇਆ ਗਿਆ ਅਤੇ ਮਾਰਕਿਟਿੰਗ ਮੁਹਿੰਮ। ਆਪਣੇ ਆਸ-ਪਾਸ ਦੇ ਸਥਾਨਾਂ ਵਿੱਚ ਵਾਲੰਟੀਅਰ ਬਣੋ: **nyc.gov/census**

## ਮਰਦਮਸ਼ੁਮਾਰੀ ਕਦੋਂ ਸ਼ੁਰੂ ਹੋਣੀ ਹੈ ?

**ਮਾਰਚ 12, 2020**

my2020census.gov

ਪਹਿਲੀ ਵਾਰ, ਤੁਸੀਂ ਮੇਲ ਦੁਆਰਾ, ਜਾਂ ਫ਼ੋਨ ਦੁਆਰਾ, ਕਈ ਭਾਸ਼ਾਵਾਂ ਵਿੱਚ ਮਰਦਮਸ਼ੁਮਾਰੀ ਨੂੰ ਔਨਲਾਈਨ ਪੂਰਾ ਕਰਨ ਦੇ ਯੋਗ ਹੋਵੋਗੇ।

ਫਾਰਮ ਨੂੰ ਭਰਨ ਦੇ ਤਰੀਕੇ ਬਾਰੇ ਮਰਦਮਸ਼ੁਮਾਰੀ ਬਿਊਰੋ ਤੋਂ ਜਾਣਕਾਰੀ ਲਈ ਆਪਣੇ ਮੇਲਬਾਕਸ ਦੀ ਜਾਂਚ ਕਰੋ।

ਹਰੇਕ ਨਿਊ ਯਾਰਕ ਸ਼ਹਿਰ ਜਨਤਕ ਲਾਈਬ੍ਰੇਰੀ ਸ਼ਾਖਾ ਅਤੇ ਕਈ ਭਰੋਸੇਮੰਦ ਭਾਈਚਾਰੇ ਵੀ ਫਾਰਮ ਨੂੰ ਭਰਨ ਵਿੱਚ ਸਹਾਇਤਾ ਕਰਨਗੇ।




ਹੋਰ ਜਾਣੋ:
**nyc.gov/census**